**Vigilance Bureau Punjab**

# VIGILANCE NABS ASSISTANT LINEMAN TAKING BRIBE

## REGISTERS BRIBERY CASE AGAINST MEDICAL OFFICER, WARD SERVANT

Chandigarh, May 22: State Vigilance Bureau today nabbed an assistant lineman of PSPCL red handed and registered a bribery case against a medical officer and ward servant of civil hospital Ferozepur city.

Disclosing this here an official spokesperson of the Vigilance Bureau said Amrik Singh assistant lineman posted at PSPCL office Saraibanjara was nabbed on the complaint of Baldev Singh of village Khera in Sri Fatehgarh Sahib. The complainant has approached the VB and alleged that the above lineman was demanding Rs. 7000/- to replace an electricity pole damaged due to powerful wind on his land.

After verifying his information, the Vigilance team laid a trap and the lineman was nabbed on the spot while accepting bribe of Rs.7,000 from the complainant in the presence of two official witnesses.

In another bribery case Vigilance Bureau had registered a bribery case against medical officer Dr. Varun Kumar and ward attendant Jagsir Singh, both posted at Civil Hospital, Ferozepur city. In this case complaint Karaj Singh of village Rukna Begu in Ferozepur district has approached the VB and alleged that the above said accused ward servant was demanding Rs. 10,000 on behalf of Dr. Varun for issuing a favorable medico legal report. It may be mentioned here that the accused ward servant had already fixed a deal with the accused medical officer for sharing the bribe in this case.

After verifying his information, the Vigilance team laid a trap and the ward servant nabbed on the spot while accepting bribe of Rs.10,000 from the complainant in the presence of two official witnesses but the accused ran away from the spot while he was being taken to hospital ward to hand over the bribed amount to doctor Varun Kumar.

He informed that two cases under Prevention of Corruption Act have been registered against all the accused at VB police station Ferozepur and Patiala respectively and further investigations were under progress.

----------------

### ਵਿਜੀਲੈਂਸ ਬਿਓਰੋ ਪੰਜਾਬ

# ਵਿਜੀਲੈਂਸ ਵਲੋਂ ਸਹਾਇਕ ਲਾਈਨਮੈਨ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

## ਰਿਸ਼ਵਤ ਦੇ ਦੋਸ਼ ਹੇਠ ਮੈਡੀਕਲ ਅਫਸਰ ਤੇ ਵਾਰਡ ਸਰਵੈਂਟ ਵਿਰੁੱਧ ਪਰਚਾ ਦਰਜ

ਚੰਡੀਗੜ੍ਹ, 22 ਮਈ: ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਦੋ ਵੱਖ ਵੱਖ ਕੇਸਾਂ ਵਿਚ ਪਾਵਰਕੋਮ ਸਰਾਏਬੰਜਾਰਾ ਵਿਖੇ ਤਾਇਨਾਤ ਇਕ ਸਹਾਇਕ ਲਾਈਨਮੈਨ ਅਤੇ ਸਿਵਲ ਹਸਪਤਾਲ ਫਿਰੋਜਪੁਰ ਵਿਖੇ ਤਾਇਨਾਤ ਮੈਡੀਕਲ ਅਫਸਰ ਤੇ ਵਾਰਡ ਸਰਵੈਂਟ ਵਿਰੁੱਧ ਰਿਸ਼ਵਤ ਦੇ ਮਾਮਲੇ ਵਿਚ ਪਰਚਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਪਾਵਰਕੋਮ ਸਰਾਏਬੰਜਾਰਾ ਵਿਖੇ ਤਾਇਨਾਤ ਇਕ ਸਹਾਇਕ ਲਾਈਨਮੈਨ ਅਮਰੀਕ ਸਿੰਘ ਨੂੰ ਸ਼ਿਕਾਇਤਕਰਤਾ ਬਲਦੇਵ ਸਿੰਘ ਵਾਸੀ ਪਿੰਡ ਖੇੜਾ, ਫਤਿਹਗੜ੍ਹ ਸਾਹਿਬ ਦੀ ਸ਼ਿਕਾਇਤ ’ਤੇ 7000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਲਾਈਨਮੈਨ ਵਲੋਂ ਉਸ ਦੀ ਜਮੀਨ ’ਤੇ ਹਨੇਰੀ ਨਾਲ ਟੁੱਟੇ ਖੰਭੇ ਨੂੰ ਬਦਲਣ ਲਈ 7000 ਰੁਪਏ ਦੀ ਮੰਗ ਕੀਤੀ ਗਈ ਹੈ। ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਸਹਾਇਕ ਲਾਈਨਮੈਨ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 7,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ।

ਇਕ ਹੋਰ ਰਿਸ਼ਵਤ ਲੈਣ ਦੇ ਮਾਮਲੇ ਵਿਚ ਸਿਵਲ ਹਸਪਤਾਲ ਫਿਰੋਜ਼ਪੁਰ ਸ਼ਹਿਰ ਵਿਖੇ ਤਾਇਨਾਤ ਮੈਡੀਕਲ ਅਫਸਰ ਡਾਕਟਰ ਵਰੁਣ ਕੁਮਾਰ ਅਤੇ ਵਾਰਡ ਸਰਵੈਂਟ ਜਗਸੀਰ ਸਿੰਘ ਦਰਜਾ ਚਾਰ ਖਿਲਾਫ਼ ਸ਼ਿਕਾਇਤਕਰਤਾ ਕਾਰਜ ਸਿੰਘ ਵਾਸੀ ਪਿੰਡ ਰੁਕਨਾ ਬੇਗੂ ਜਿਲਾ ਫਿਰੋਜਪੁਰ ਦੀ ਸ਼ਿਕਾਇਤ ’ਤੇ ਪਰਚਾ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਵਾਰਡ ਸਰਵੈਂਟ ਵਲੋਂ ਡਾਕਟਰ ਵਰੁਣ ਦੀ ਤਰਫੋਂ ਡਾਕਟਰੀ ਰਿਪੋਰਟ ਉਸ ਦੇ ਹੱਕ ਵਿਚ ਲਿਖਣ ਬਦਲੇ 10,000 ਰੁਪਏ ਦੀ ਮੰਗ ਕੀਤੀ ਗਈ ਹੈ। ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਵਾਰਡ ਸਰਵੈਂਟ ਨੂੰ ਹਸਪਤਾਲ ਦੇ ਅੰਦਰ ਹੀ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਪਰ ਜਦੋਂ ਉਸ ਨੂੰ ਉਕਤ ਡਾਕਟਰ ਨੂੰ ਰਿਸ਼ਵਤ ਦੇ ਪੈਸੇ ਦੇਣ  ਲਈ ਵਾਰਡ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਹ ਝਕਾਨੀ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ।

ਉਕਤ ਸਾਰੇ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਫਿਰੋਜ਼ਪੁਰ ਅਤੇ ਪਟਿਆਲਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣਿਆਂ ਵਿਚ ਮੁਕੱਦਮੇ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।